# ਜੈਨ ਧਰਮ ਅਤੇ ਮਹਾਵੀਰ

## (ਪਹਿਲਾ ਭਾਗ)

*

ਏਸ਼ੀਆ, ਵਿਸ਼ਵ ਦੇ ਪ੍ਰਮੁੱਖ ਧਰਮਾਂ ਦਾ ਜਨਮ ਸਥਾਨ ਹੈ । ਏਸ਼ੀਆ ਦੇ ਇਕ ਭਾਗ ਦਾ ਨਾਂ ਭਾਰਤ ਵਰਸ਼ ਹੈ ਜਿਸਨੇ ਸੰਸਾਰ ਦੇ 4 ਪ੍ਰਮੁੱਖ ਧਰਮਾਂ ਨੂੰ ਜਨਮ ਦਿੱਤਾ ਹੈ । ਇਹ ਧਰਮ ਹਨ-ਵੈਦਿਕ ਧਰਮ, ਜੈਨ ਧਰਮ, ਬੁੱਧ ਧਰਮ ਅਤੇ ਸਿੱਖ ਧਰਮ ।

ਭਾਰਤੀ ਸੰਸਕ੍ਰਿਤੀ ਦੀ ਵਿਚਾਰਧਾਰਾ ਨੂੰ ਪ੍ਰਮੁੱਖ ਰੂਪ ਵਿੱਚ ਅਸੀਂ ਦੋ ਭਾਗਾਂ ਵਿੱਚ ਵੰਡ ਸਕਦੇ ਹਾਂ - 1. ਵੈਦਿਕ 2. ਸ਼੍ਰਮਣ । ਵੈਦਿਕ ਪਰੰਪਰਾ ਯੱਗ, ਵਰਨ ਆਸ਼ਰਮ, ਜਾਤ ਪਾਤ, ਦੇਵੀ ਦੇਵਤਿਆਂ ਅਤੇ ਵੇਦਾਂ ਵਿੱਚ ਵਿਸ਼ਵਾਸ਼ ਰੱਖਦੀ ਸੀ । ਸ਼੍ਰਮਣ ਪਰੰਪਰਾ ਯੋਗ, ਧਿਆਨ, ਵਰਤ, ਕਰਮ ਵਿਚਾਰਧਾਰਾ, ਤੱਪਸਿਆ, ਪੁਨਰ ਜਨਮ, ਨਿਰਵਾਨ ਵਿਚ ਵਿਸ਼ਵਾਸ਼ ਰੱਖਦੀ ਸੀ ।

ਆਰੀਆ ਦੇ ਭਾਰਤ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਜੋ ਵਿਕਾਸ ਭਰਪੂਰ ਸਭਿਅਤਾ ਇਸ ਧਰਤੀ ਤੇ ਫੈਲੀ ਹੋਈ ਸੀ ਅਤੇ ਜਿਨ੍ਹਾਂ ਲੋਕਾਂ ਨਾਲ ਆਰੀਆ ਜਾਤੀ ਦਾ ਯੁੱਧ ਹੋਇਆ ਉਹ ਇਹ ਸ਼੍ਰਮਣਾਂ ਦੀ ਹੀ ਸਭਿਅਤਾ ਸੀ । ਸ਼੍ਰਮਣਾਂ ਦੇ ਪ੍ਰਮੁੱਖ ਰੂਪ ਵਿੱਚ ਕਈ ਸੰਪਰਦਾਏ ਰਹੇ ਹਨ । ਜਿਨ੍ਹਾਂ ਵਿਚੋਂ ਜੈਨ (ਨਿਰਗ੍ਰੰਥ) ਬੋਧ, ਆਜੀਵਕ, ਗੇਰਿਕ, ਤਾਪਸ ਆਦਿ ਪ੍ਰਸਿਧ ਸਨ ।" [1]

ਸਾਖਯ ਦਰਸ਼ਨ ਵੀ ਵੈਦਿਕ ਵਿਚਾਰਧਾਰਾ ਦਾ ਪ੍ਰਮੁੱਖ ਵਿਰੋਧੀ ਸੀ । ਉਹ ਦਰਸ਼ਨ ਨੇ ਕਠ, ਸਵੇਤਾਸ਼ਵਰ, ਪ੍ਰਸ਼ਨ ਮੈਤਰਾਯਾਣੀ ਜੇਹੇ ਪੁਰਾਤਨ ਉਪਨਿਸ਼ਧਾ ਨੂੰ ਪ੍ਰਭਾਵਿਤ ਕੀਤਾ ਸੀ । ਅੱਜ ਕੱਲ ਗੇਰੀਕ, ਤਾਪਸ ਤਾਂ ਵੈਦਿਕ ਪਰੰਪਰਾ ਵਿਚ ਮਿਲ ਗਏ ਹਨ । ਅਜੀਵਕ ਸੰਪਰਦਾਏ ਵੀ ਅੱਜ ਕਲ ਖਤਮ ਹੋ ਗਿਆ ਹੈ । ਸ਼੍ਰਮਣਾਂ ਦੀਆਂ ਦੋ ਪ੍ਰਮੁੱਖ ਵਿਚਾਰਧਾਰਾਂ ਹੀ ਬਚ ਗਈਆਂ ਹਨ (1) ਜੈਨ ਅਤੇ (2) ਬੁੱਧ ।

## ਸ਼੍ਰਮਣ ਸੰਸਕ੍ਰਿਤੀ

ਇਨ੍ਹਾਂ ਵਿਚੋਂ ਜੈਨ ਵਿਚਾਰਧਾਰਾ ਭਾਰਤ ਦੀ ਸਭ ਤੋਂ ਪੁਰਾਤਨ ਵਿਚਾਰਧਾਰਾ ਹੈ। ਇਸ ਗੱਲ ਦੀ ਗਵਾਹੀ ਹੜੱਪਾ ਤੇ ਮੋਹਨਜੋਦੜੋ ਦੀਆਂ ਸਭਿਆਤਾਵਾਂ ਦਿੰਦੀਆਂ ਹਨ ।

---

1. ਪ੍ਰਵਚਨ ਸਾਰੋਦਵਾਰ ਗਾਥਾ 731-33

ਭਾਵੇਂ ਅੱਜ ਤੱਕ ਉਸ ਲਿਪੀ ਨੂੰ ਪੂਰੀ ਤਰ੍ਹਾਂ ਨਹੀਂ ਪੜ੍ਹਿਆ ਜਾ ਸਕਿਆ ਪਰ ਮੋਹਨਜੋਦੜੋਂ ਤੋਂ ਪ੍ਰਾਪਤ ਧਿਆਨ ਵਿੱਚ ਬੈਠੇ ਯੋਗੀ ਦੀਆਂ ਮੂਰਤੀਆਂ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ ਕਿ ਆਰੀਆ ਤੋਂ ਪਹਿਲਾਂ ਜੋ ਸਭਿਅਤਾ ਭਾਰਤ ਵਿੱਚ ਨਿਵਾਸ ਕਰਦੀ ਸੀ ਉਹ ਸ਼੍ਰਮਣ ਸੰਸਕ੍ਰਿਤੀ ਦਾ ਹੀ ਇੱਕ ਪ੍ਰਮੁੱਖ ਅੰਗ ਸੀ ਅਤੇ ਇਸੇ ਸਭਿਅਤਾ ਦਾ ਆਰੀਆ ਨੇ ਵਿਨਾਸ਼ ਕੀਤਾ ਸੀ । ਅਸੀਂ ਭਾਰਤ ਦੇ ਪੁਰਾਤਨ ਇਤਿਹਾਸ ਤੋਂ ਇਸ ਸਬੰਧੀ ਜਾਨਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕਰਾਂਗੇ ।

ਵੇਦ ਸੰਸਾਰ ਦੀ ਸਭ ਤੋਂ ਪੁਰਾਤਨ ਪੁਸਤਕ ਹੈ । ਇਸ ਵਿਚੋਂ ਰਿਗਵੇਦ ਕਾਫੀ ਮਹੱਤਵਪੂਰਨ ਹੈ । ਇਸ ਵੇਦ ਵਿਚ ਉਸ ਸਮੇਂ ਦੇ ਪੁਰਾਤਨ ਧਰਮ ਦੀ ਰੂਪ ਰੇਖਾ ਦਾ ਪਤਾ ਲਗਦਾ ਹੈ । ਰਿਗਵੇਦ ਵਿਚ ' ਵਾਤਰਸ਼ਨਾ ਮੁਨੀ ' ਦਾ ਵਰਨਣ ਇਸ ਪ੍ਰਕਾਰ ਮਿਲਦਾ ਹੈ। " ਮੁਨੀ ਦੀ ਭਾਵਨਾ ਨਾਲ ਰੰਗੇ ਅਸੀਂ ਹਵਾ ਵਿੱਚ ਸਥਿਤ ਹੋ ਗਏ ਹਾਂ । ਦੋਸਤੋ ਤੁਸੀਂ ਸਾਡਾ ਸਰੀਰ ਹੀ ਵੇਖਦੇ ਹੋ । "[1]

ਤੇਤਰੀਆਰਯਨਕ ਨੇ ਸ਼੍ਰਮਣਾਂ ਨੂੰ ਹੀ ਵਾਤਰਸ਼ਨਾ ਰਿਸ਼ੀ ਤੇ ਉਰਧਮੰਥੀ (ਬ੍ਰਹਮਚਾਰੀ) ਆਖਿਆ ਹੈ ।

**वातरशना ह वा ऋषयः श्रमणा उर्ध्वमन्थिनो बभूवुः ।**

(2/7/1 ਸਫਾ 137)

ਇਹ ਸ਼੍ਰਮਣ ਪਹਿਲੇ ਤੀਰਥੰਕਰ ਭਗਵਾਨ ਰਿਸ਼ਵਦੇਵ ਦੇ ਚੇਲੇ ਸਨ । ਇਸ ਗੱਲ ਦਾ ਸਮਰਥਨ ਸ਼੍ਰੀਮਦ ਭਾਗਵਤ (5/3/20) ਵਿਚ ਇਸ ਪ੍ਰਕਾਰ ਮਿਲਦਾ ਹੈ । " ਭਗਵਾਨ ਰਿਸ਼ਵ ਸ਼੍ਰਮਣਾਂ, ਰਿਸ਼ੀਆਂ ਤੇ ਬ੍ਰਹਮਚਾਰੀਆਂ ਦਾ ਧਰਮ ਪ੍ਰਗਟ ਕਰਨ ਲਈ ਸ਼ੁਕਲ ਧਿਆਨ ਦੇ ਰੂਪ ਵਿੱਚ ਪ੍ਰਗਟ ਹੋਏ । "[2]

ਸ਼੍ਰਮਣਾਂ ਦਾ ਵਰਨਣ ਬ੍ਰਹਦ ਆਰਨਯਕ ਉਪਨਿਸ਼ਧ[3] ਤੇ ਰਾਮਾਇਣ[4] ਵਿੱਚ ਵੀ ਮਿਲਦਾ ਹੈ ।

---

(1) ਰਿਗਵੇਦ 10/11/136/2 |

(2) **धर्मान् दिर्शयितुकामो वातरशनानां श्रमणानामृषीणामूर्ध्वचेतसां शुक्लया तनुनावततार ।**

(3) ਬ੍ਰਹਦਾਰ ਨਕ ਉਪਨਿਸਧ 4/2/22 |

(4) ਬਾਲਕਾਂਡ ਸਰਗ 1422 |

**तापसा भुं जते चापि श्रमणा भुजन्ते तथा**

ਰਿਗੌਂਵੇਦ ਵਿਚ ਸ਼੍ਰਮਣਾਂ ਲਈ ਕੇਸ਼ੀ ਸ਼ਬਦ ਦਾ ਵਰਨਣ ਵੀ ਮਿਲਦਾ ਹੈ । ਕੇਸ਼ੀ ਭਗਵਾਨ੍ ਰਿਸ਼ਵਦੇਵ ਦਾ ਹੀ ਇਕ ਨਾਂ ਹੈ । ਰਿਗਵੇਦ ਵਿਚ ਕੇਸ਼ੀ ਤੇ ਰਿਸ਼ਵਦੇਵ ਦਾ ਵਰਨਣ ਇੱਕਠਾ ਹੀ ਮਿਲਦਾ ਹੈ ।[1]

ਅਥਰਵਵੇਦ ਜਿਸ ਵਿਚ **ਵਰਾਤਿਆ ਕਾਂਡ** ਦਾ ਵਰਨਣ ਹੈ ਉਸਦੀ ਤੁਲਨਾ ਭਗਵਾਨ ਰਿਸ਼ਵਦੇਵ ਦੀ ਤਪਸਿਆ ਨਾਲ ਕੀਤੀ ਜਾ ਸਕਦੀ ਹੈ । ਵਰਾਤਿਆ ਵਾਰੇ ਪ੍ਰਸਿਧ ਵੇਦਾਂ ਦੇ ਟੀਕਾਕਾਰ ਸ੍ਰੀ ਸਾਯਨ ਦਾ ਕਥਨ ਹੈ, ਉਹ ਵਿਦਿਆ ਨਾਲ ਭਰਪੂਰ, ਮਹਾਨ, ਅਧਿਕਾਰ ਵਾਲੇ, ਪੁੰਨ ਪ੍ਰਤਾਪ ਵਾਲੇ, ਸੰਸਾਰ ਰਾਹੀ ਪੂਜਨ ਯੋਗ ਤੇ ਪ੍ਰਮੁੱਖ ਬ੍ਰਾਹਮਣ ਹਨ । ਇਹ ਵੇਦਿਕ ਸੰਸਕਾਰਾਂ ਤੋਂ ਰਹਿਤ ਹਨ ।"

" ਜੇ ਕੋਈ ' ਵਰਾਤਿਆ ' ਤੱਪਸਵੀ ਤੇ ਵਿਦਵਾਨ ਹੋਵੇ ਉਹ ਤਾਂ ਸਤਿਕਾਰ ਜਰੂਰ ਪਾਵੇਗਾ ਅਤੇ ਪਰਮਾਤਮਾ ਦੀ ਤਰ੍ਹਾਂ ਪੂਜਿਆ ਜਾਵੇਗਾ ਭਾਵੇਂ ਬ੍ਰਾਹਮਣ ਉਸ ਨਾਲ ਗੁੱਸਾ ਹੀ ਰੱਖਣ ।"[1]

ਰਿਗੰਵੇਦ ਵਿ ਭਗਵਾਨ ਰਿਸ਼ਵਦੇਵ ਦਾ ਕਾਫੀ ਜਿਕਰ ਆਉਦਾ ਹੈ[2] ਕਈ ਲੋਕ ਇਹਨਾਂ ਸ਼ਬਦਾਂ ਦੇ ਅਰਥ ਬਦਲ ਦਿੰਦੇ ਹਨ ।

ਰਿਗੰਵੇਦ ਵਿਚ ਸ਼੍ਰਮਣ ਸੰਸਕ੍ਰਿਤੀ ਦਾ ਇਕ ਬਹੁਤ ਹੀ ਪਿਆਰਾ ਸ਼ਬਦ " ਅਰਹਨ" ਵੀ ਮਿਲਦਾ ਹੈ । ਅਰਹਨ ਤੋਂ ਭਾਵ ਹੈ ਰਾਗ ਦਵੇਸ਼ ਨੂੰ ਜਿੱਤ ਕੇ ਸਰਵੱਗ ਬਨਣ ਵਾਲਾ। ਇਹ ਸ਼ਬਦ ਆਮ ਤੌਰ ਤੇ ਤੀਰਥੰਕਰਾਂ ਲਈ ਵਰਤਿਆ ਜਾਂਦਾ ਹੈ ।[3]

ਵੇਦਿਕ ਲੋਕ ਵੀ ' ਅਰਹਨ ' ਸ਼ਬਦ ਜੈਨ ਧਰਮ ਲਈ ਹੀ ਸਮਝਦੇ ਰਹੇ ਹਨ। ' ਹਨੂਮਾਨ ਨਾਟਕ ' ਵਿਚ ਆਖਿਆ ਗਿਆ ਹੈ ।

**अर्हन्नित्यथ जैनशासनरताः ।**

---

(1) ੳ) ਅਥਰਵੇਦ ਸਾਯਨ ਭਾਸ਼ਯ 15/1/1/1 |
**कचिंद् विद्वत्तमंमहाधिकारं पुण्यशीलं विश्वसंमान्यं ब्रह्माथ-**
**विशिष्टे व्रात्य मनुलक्ष्य वचनमिति मंतव्यम् ।**
(ਅ) 15/1/1/1 |

(2) ਰਿਗੱਵੇਦ 1/24/140/1-2 4/3315-5/2/28-4
6/1/1/8, - 6/2/19/11-10/12/166/1 |

(3) ਰਿਗੰਵੇਦ 24/33/10 |

ਆਰੀਆ ਦੇ ਭਾਰਤ ਆਉਣ ਤੋਂ ਪਹਿਲਾਂ ਜੋ ਜਾਤੀਆਂ ਭਾਰਤ ਵਿਚ ਰਹਿੰਦੀਆਂ ਸਨ ਉਨ੍ਹਾਂ ਵਿਚ ਨਾਗ, ਦਰਾਵਿੜ ਅਤੇ ਅਸੁਰ ਬਹੁਤ ਪ੍ਰਸਿਧ ਹਨ । ਦਾਸ ਲੋਕ ਇੰਨੇ ਵਿਕਾਸਸ਼ੀਲ ਨਹੀਂ ਸਨ । ਇਨ੍ਹਾਂ ਜਾਤੀਆਂ ਨਾਲ ਹੀ ਆਰੀਆ ਦੇ ਕਈ ਯੁੱਧ ਹੋਏ ।

ਪੁਰਾਨਾਂ[1] ਵਿਚ ਜਗ੍ਹਾ ਜਗ੍ਹਾ ਇਹ ਲਿਖਿਆ ਗਿਆ ਹੈ ਕਿ ਆਸੁਰ ਲੋਕ ਅਰਿਹੰਤਾਂ ਦੇ ਉਪਾਸ਼ਕ ਸਨ ।

ਵਿਸ਼ਨੂੰ ਪੁਰਾਣ ਅਨੁਸਾਰ ਮਾਯਾ ਮੋਹ ਨਾਂ ਦੇ ਜੈਨ ਭਿਕਸ਼ੂ ਦੇ ਅਸੁਰਾਂ ਨੂੰ ਅਰਿਹੰਤ ਧਰਮ ਦੀ ਦੀਖਿਆ ਦਿੱਤੀ । ਉਹ ਵੇਦਾਂ ਵਿੱਚ ਵਿਸ਼ਵਾਸ਼ ਨਹੀਂ ਰਖਦਾ ਸੀ । ਉਹ ਅਨੇਕਾਂਤ ਵਾਦ ਵਿਚ ਵਿਸ਼ਵਾਸ਼ ਰੱਖਦਾ ਸੀ ।[2]

ਉਪਨਿਸ਼ਦਾ ਵਿੱਚ ਇਹ ਵਰਨਣ ਵੀ ਕੀਤਾ ਗਿਆ ਹੈ ਕਿ ਆਤਮ ਵਿਦਿਆ ਦੇ ਮਾਲਿਕ ਸਭ ਤੋਂ ਪਹਿਲਾਂ ਖੱਤਰੀ ਸਨ । ਇਨ੍ਹਾਂ ਖਤਰੀਆਂ ਦੇ ਮੁਖੀ ਦਾ ਨਾਂ ਹੀ ਰਿਸ਼ਵਦੇਵ ਸੀ[3] ਜੋ ਨਾਭੀ ਤੇ ਮਰੂ ਦੇਵੀ ਦੇ ਪੁੱਤਰ ਸਨ । ਇਹ ਯੱਗ, ਜਾਤ ਪਾਤ ਤੋਂ ਰਹਿਤ ਸੀ । ਇਸ ਵਿਦਿਆ ਵਿਚ ਧਿਆਨ ਤੇ ਤੱਪਸਿਆ ਹੀ ਪ੍ਰਧਾਨ ਸੀ ।

ਵੇਦ ਤੇ ਉਪਨਿਸ਼ਦਾਂ ਤੋਂ ਛੁੱਟ ਮਹਾਂਭਾਰਤ ਵਿੱਚ ਵੀ ਭਗਵਾਨ ਰਿਸ਼ਵਦੇਵ ਦਾ ਵਰਨਣ ਹੈ ।[4]

## ਜੈਨ ਤੀਰਥੰਕਰ

ਜੈਨ ਪਰੰਪਰਾ ਵਿੱਚ 24 ਤੀਰਥੰਕਰ ਮੰਨੇ ਜਾਂਦੇ ਹਨ । ਕਈ ਇਤਿਹਾਸਕਾਰ ਉਨ੍ਹਾਂ ਦੀ ਹੋਂਦ ਵਾਰੇ ਸ਼ੱਕ ਪ੍ਰਗਟ ਕਰਦੇ ਹਨ । ਕਈ ਲੋਕ ਜੈਨ ਤੇ ਬੁੱਧ ਧਰਮ ਨੂੰ ਵੈਦਿਕ

---

(1) ਵਿਸ਼ਨੂੰ ਪੁਰਾਣ 3/17/18
ਪਦਮ ਪੁਰਾਨ ਸ੍ਰਿਸਟੀ ਖੰਡ ਅਧਿਆਏ 13/170-410
ਮਤਸਯ ਪੁਰਾਣ 24/43-49
ਦੇਵੀ ਭਾਗਵਤ 4/13/54-57 |

(2) ਵਿਸ਼ਨੂੰ ਪੁਰਾਨ 3/18/12-13-14-3/18/27
3/18/25--3/18/28-29-3/18/8-11

(3) ੳ) ਵਾਯੂ ਪੁਰਾਣ ਪੁਰਵ ਅਰਧ 33/50
(ਅ) ਬ੍ਰਹਮਾਂਡ ਪੁਰਾਣ ਪੁਰਵ ਅਰਧ ਅਨੂਸ਼ਪਾਦ 14/60 |

(4) **ऋषभादीनां महायोगिनामाचारे ।**
**दस्यवः अर्हतादयो मोहिताः ।**
ਮਹਾਂਭਾਰਤ ਸ਼ਾਂਤੀ ਪੁਰਵ ਮੋਕਸ਼ ਧਰਮ ਅਧਿਆਏ 263/20

ਧਰਮ ਵਿਰੁਧ ਇਕ ਬਗਾਵਤ ਸਮਝਦੇ ਹਨ । ਕਈ ਲੋਕ ਮਹਾਵੀਰ ਨੂੰ ਗੋਤਮ ਬੁੱਧ ਦਾ ਚੇਲਾ ਜਾਂ ਗੌਤਮ ਬੁੱਧ ਨੂੰ ਮਹਾਵੀਰ ਦਾ ਚੇਲਾ ਆਖਦੇ ਹਨ ।

ਜੈਨ ਧਰਮ ਵਿੱਚ 6 ਆਰੇ ਮੰਨੇ ਜਾਂਦੇ ਹਨ । ਹਰ ਯੁੱਗ ਵਿੱਚ ਚੌਵੀ ਤੀਰਥੰਕਰ ਹੁੰਦੇ ਹਨ । ਵਰਤਮਾਨ ਸਮੇਂ ਹੋਏ ਤੀਰਥੰਕਰਾਂ ਵਾਰੇ ਜਿਥੇ ਵੇਦਾਂ ਵਿੱਚ ਵਰਨਣ ਮਿਲਦਾ ਹੈ ਉਥੇ ਪੁਰਾਣਾ[1] ਮਹਾਂਭਾਰਤ[2] ਦੇ ਬੋਧ ਗਰੰਥਾਂ ਵਿਚ ਕਾਫੀ ਜਾਣਕਾਰੀ ਮਿਲਦੀ ਹੈ । ਡਾ. ਰਾਧਾ ਕ੍ਰਿਸ਼ਨ ਨੇ ਯਜੁਰਵੇਦਂ ਵਿੱਚ ਰਿਸ਼ਵ, ਅਜਿਤ ਅਤੇ ਅਰਿਸ਼ਟਨੇਮੀ ਦੀ ਹੋਂਦ ਦੀ ਸੂਚਨਾ ਦਿਤੀ ਹੈ ।

ਬੋਧ ਗ੍ਰੰਥ ਅੰਗੁਤਰਨਿਕਾਏ ਵਿਚ ਅਰਕ (ਅਰ) ਨਾਮ ਦੇ ਤੀਰਥੰਕਰ ਦਾ ਵਰਨਣ ਹੈ । ਇਸੇ ਪ੍ਰਕਾਰ ਬੁੱਧ ਥੇਰਗਾਥਾ ਵਿੱਚ ਅਜਿੱਤ ਨਾਂ ਦੇ ਪ੍ਰਤਯੇਕ ਬੁੱਧ ਦਾ ਵਰਨਣ ਹੈ ।[3]

ਬੋਧ ਪਿਟਕਾਂ ਗ੍ਰੰਥਾਂ ਵਿੱਚ ਭਗਵਾਨ ਪਾਰਸ਼ ਨਾਥ ਦੇ ਚਤੁਰਯਾਮ ਧਰਮ ਦਾ ਵਰਨਣ ਹੈ । ਇਸ ਗ੍ਰੰਥ ਵਿਚ ਭਗਵਾਨ ਮਹਾਵੀਰ ਨੂੰ ਨਿਗੰਠ ਨਾਥ ਪੁਤ (ਨਿਰਗ੍ਰੰਥ ਗਿਆਤਾ ਪੁੱਤਰ) ਪੰਜਵੇਂ ਤੀਰਥੰਕਰ ਦੇ ਰੂਪ ਵਿਚ, ਕਈ ਥਾਂ ਤੇ ਸਤਿਕਾਰ ਨਾਲ ਯਾਦ ਕੀਤਾ ਗਿਆ ਹੈ ।

' ਸੋਰਸ਼ਨ ' ਨੇ ਮਹਾਂਭਾਰਤ ਦੇ ਖਾਸ ਨਾਂ ਦਾ ਇਕ ਕੋਸ਼ ਬਨਾਇਆ ਹੈ । ਜਿਸ ਵਿਚ ਸੁਪਾਰਸ਼ਵ, ਚੰਦਰ ਤੇ ਸੁਮਤੀ ਤਿੰਨ ਤੀਰਥੰਕਰਾਂ ਦੇ ਨਾਵਾਂ ਦੀ ਸੂਚਨਾ ਮਿਲਦੀ ਹੈ । ਇਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਇਹ ਤਿੰਨੇ ਹੀ ਅਸੁਰ ਸਨ ਜੋ ਕਿ ਅਰਿਹੰਤ ਧਰਮ ਦੇ ਉਪਾਸ਼ਕ ਹਨ । ਇਨ੍ਹਾਂ ਤਿੰਨ੍ਹਾਂ ਨੂੰ ਅੰਸ਼ਾਂ ਅਵਤਾਰ ਮੰਨਿਆ ਗਿਆ ਹੈ । ਸੁਮਤੀ ਨਾਂ ਦੇ ਇੱਕ ਰਿਸ਼ੀ ਦਾ ਵਰਨਣ ਵੀ ਆਇਆ ਹੈ ।

ਭਾਗਵਤ ਵਿਚ ਰਿਸ਼ਵਦੇਵ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਗਿਆ ਹੈ । ਅਵਤਾਰ ਦੇ ਰੂਪ ਵਿੱਚ ਤਾਂ ਨਹੀਂ, ਪਰ ਸ਼ਿਵ ਦੇ ਜੋ ਹਜ਼ਾਰਾਂ ਨਾਂ ਮਹਾਂਭਾਰਤ ਵਿੱਚ ਦਰਜ ਹਨ ਉਹਨਾਂ ਵਿਚ ਵਿਸ਼ਨੂੰ ਦੇ ਸਰੇਅੰਸ਼, ਅਨੰਤ, ਧਰਮ, ਸ਼ਾਂਤੀ ਤੇ ਸੰਭਵ ਨਾਂ ਵੀ ਦਿਤੇ ਗਏ ਹਨ । ਸ਼ਿਵ ਦੇ ਨਾਉ ਵਿਚ ਅਜਿੱਤ ਤੇ ਰਿਸ਼ਵ ਦੇ ਨਾਉ ਆਉਂਦੇ ਹਨ ਜੋ ਸਭ ਤੀਰਥੰਕਰਾਂ ਦੇ ਨਾਉ ਹਨ ।[4]

' ਸ਼ਾਂਤੀ ' ਵਿਸ਼ਨੂੰ ਦਾ ਨਾ ਵੀ ਕਿਹਾ ਗਿਆ ਹੈ । ਵਿਸ਼ਨੂੰ ਤੇ ਸ਼ਿਵ ਦਾ ਨਾਂ ' ਸੁਵਰਤ ' ਵੀ ਹੈ । ਇਹ ਸਭ ਤੀਰਥੰਕਰਾਂ ਦੇ ਨਾਉ ਵੀ ਹਨ । ਇਹਨਾਂ ਨਾਵਾਂ ਦੀ

---

(1) ਜੈ: ਸਾ: ਈ: ਪੁ: ਪੰਨਾ 108

(2) ਦੀਰਘ ਨਿਕਾਏ 1/1 [5-15] 1/2 [21]

(3) ਥੇਰ ਗਾਥਾ [1-20]

(4) ਜੈਨ ਸਾਹਿਤ ਦਾ ਇਤਿਹਾਸ ਭਾਗ : 1 ਪੰਨਾ 23-24-25

ਮਹਾਨਤਾ ਇਸ ਕਰਕੇ ਬਹੁਤ ਹੈ ਕਿਉਂਕਿ ਇਹ ਵੇਦ ਵਿਰੋਧੀ, ਅਸੁਰ ਸਨ । ਪੁਰਾਣਾਂ ਅਨੁਸਾਰ ਅਸੁਰ ਜੈਨ ਧਰਮ ਦੇ ਜਾਂ ਅਰਿਹੰਤਾਂ ਦੇ ਉਪਾਸਕ ਸਨ ।

# ਜੈਨ ਧਰਮ ਦੇ ਪੁਰਾਣੇ ਨਾਂ

ਜੈਨ ਧਰਮ ਦਾ ਪੁਰਾਣਾ ਨਾਂ ਜੈਨ ਬਹੁਤ ਹੀ ਨਵਾਂ ਹੈ, ਪ੍ਰਾਚੀਨ ਵੈਦਿਕ ਗ੍ਰੰਥਾਂ ਵਿੱਚ ਜੈਨ ਧਰਮ ਦੇ ਕਈ ਨਾਂ ਆਏ ਹਨ ।

ਰਿਗਵੇਦ ਵਿਚ ਅਰਹਨ ਸ਼ਬਦ ਕਈ ਵਾਰੀ ਆਇਆ ਹੈ ਇਸਤੋਂ ਛੁੱਟ ਜੈਨ ਸਾਧੂਆਂ ਦੇ ਵਾਤਰਸ਼ਨਾਂ, ਵਰਾਤੀਆ ਅਤੇ ਕੇਸ਼ੀ ਨਾਂ ਵੀ ਆਏ ਹਨ ।

ਪਦਮ ਪੁਰਾਣ ਵਿੱਚ ਅਰਹਤ ਧਰਮ ਦੇ ਪ੍ਰਵਤਕ ਭਗਵਾਨ ਰਿਸ਼ਵਦੇਵ ਨੂੰ ਮੰਨਿਆ ਗਿਆ ਹੈ ।[1]

ਰਿਗਵੇਦ ਵਿੱਚ ਅਰਹਨ ਨੂੰ ਸੰਸਾਰ ਦੀ ਰਖਿਆ ਕਰਨ ਵਾਲਾ ਮੰਨਿਆ ਗਿਆ ਹੈ ।[2]

ਸ਼ਤਪਥ ਬ੍ਰਾਹਮਣ ਅਤੇ ਸਾਯਣ ਟੀਕਾ ਵਿਚ ਵੀ ਅਰਹਣ ਨੂੰ ਸਰੇਸ਼ਟ ਕਿਹਾ ਗਿਆ ਹੈ ।

ਜੈਨ ਅਚਾਰਿਆ ਭਦਰਵਾਹੂ ਨੇ ਭਗਵਾਨ ਅਰਿਸ਼ਟ ਨੇਮੀ ਲਈ ਅਰਹਤ ਸ਼ਬਦ ਦਾ ਪ੍ਰਯੋਗ ਕੀਤਾ ਹੈ ।[3]

ਪਦਮ ਪੁਰਾਣ ਅਤੇ ਵਿਸ਼ਨੂੰ ਪੁਰਾਣਾਂ ਵਿੱਚ ਜੈਨ ਧਰਮ ਲਈ ਅਰਹਤ ਸ਼ਬਦ ਦਾ ਪ੍ਰਯੋਗ ਕੀਤਾ ਹੈ ।[4]

23ਵੇਂ ਤੀਰਥੰਕਰ ਭਗਵਾਨ ਪਾਰਸ਼ਵਨਾਥ ਲਈ ਅਰਹਤ ਸ਼ਬਦ ਜੈਨ ਧਰਮ ਵਿੱਚ ਪ੍ਰਯੋਗ ਹੁੰਦਾ ਰਿਹਾ ਹੈ ।[5]

---

1. ਪਦਮ ਪੁਰਾਣ 13/350

2. ਰਿਗਵੇਦ 2 /33/10, 2/3/13, 7/18/22, 10/2/2, 99/7 |

3. ਕਲਪਸੂਤਰ ਸੰਪਾਦਕ ਦੇਵਿੰਦਰ ਮੁਨੀਜੀ 161-162

4. ੳ) ਪਦਮ ਪੁਰਾਣ 13/350, (ਅ) ਵਿਸ਼ਨੂੰ ਪੁਰਾਣ 3/18/12 |

5. (ੳ) ਬਾਬੂ ਛੋਟੇ ਲਾਲ ਸਮਰਿਤੀ ਗ੍ਰੰਥ ਪੰਨਾ 20 ।
   (ਅ) ਅਤੀਤਕਾ ਅਨਾਵਰਨ ਪੰਨਾ 60 ।

ਭਗਵਾਨ ਮਹਾਵੀਰ ਸਮੇਂ ਜੈਨ ਧਰਮ ਲਈ ਨਿਰਗ੍ਰੰਥ ਸ਼ਬਦ ਇਸਤੇਮਾਲ ਹੋਇਆ ਹੈ।[1]

ਬੋਧ ਸਾਹਿਤ ਅਤੇ ਅਸ਼ੋਕ ਦੇ ਸ਼ਿਲਾਲੇਖਾਂ ਵਿੱਚ ਵੀ ਨਿਗੰਠ ਸ਼ਬਦ ਮਿਲਦਾ ਹੈ।[2]

ਵੈਦਿਕ ਗ੍ਰੰਥਾਂ ਵਿਚ ਵੀ ਨਿਰਗ੍ਰੰਥ ਸ਼ਬਦ ਆਇਆ ਹੈ[3] ਸਤਵੀਂ ਸਦੀ ਵਿਚ ਬੰਗਾਲ ਵਿਚ ਨਿਰਗ੍ਰੰਥ ਸੰਪਰਦਾਏ ਦਾ ਜਿਕਰ ਮਿਲਦਾ ਹੈ।[4]

ਦਸ਼ਵੇਕਾਲੀਕ, ਉਤਰਾਧਿਐਨ ਅਤੇ ਸੁਤਰਕ੍ਰਿਤਾਂਗ ਆਦਿ ਪ੍ਰਾਚੀਨ ਜੈਨ ਗ੍ਰੰਥਾਂ ਵਿਚ ਜੈਨ ਧਰਮ ਲਈ ਜਿਨ ਸ਼ਾਸ਼ਨ, ਜਿਨ ਮਾਰਗ ਅਤੇ ਜਿਨ ਬਚਨ ਸ਼ਬਦ ਮਿਲਦਾ ਹੈ।

ਸਭ ਤੋਂ ਪਹਿਲਾਂ ਜੈਨ ਸ਼ਬਦ ਦਾ ਪ੍ਰਯੋਗ ਪ੍ਰਸਿੱਧ ਜੈਨ ਆਚਾਰਿਆ ਜਿਨਭਦਰ ਸ਼ਮਾਸ਼੍ਰਮਣ ਨੇ ਆਪਣੇ ਵਿਸ਼ੇਸ਼ ਆਵਸਕ ਭਾਸ਼ਯ ਵਿਚ ਕੀਤਾ ਹੈ।[5]

ਮੱਤਸ ਪੁਰਾਣ ਵਿਚ ਜਿਨ ਧਰਮ[6] ਵਿੱਚ ਦੇਵੀ ਭਾਗਵਤ[7] ਵਿਚ ਜੈਨ ਧਰਮ ਆਇਆ ਹੈ।

ਸਭ ਗੱਲਾਂ ਦਾ ਸਿੱਟਾ ਇਹੋ ਹੈ ਕਿ ਭਿੰਨ ਭਿੰਨ ਸਮੇਂ ਵਿਚ ਜੈਨ ਧਰਮ ਦੇ ਕਈ ਨਾਂ, ਰਿਸ਼ਵਦੇਵ ਤੋਂ ਲੈ ਕੇ ਭਗਵਾਨ ਮਹਾਂਵੀਰ ਤੱਕ ਮਿਲਦੇ ਹਨ। ਰਿਸ਼ਵਦੇਵ ਦੇ ਸਮੇਂ ਦਾ ਅਰਹਤ ਸੰਘ ਹੀ ਜਿਨ ਧਰਮ ਹੈ ਅਤੇ ਜਿਨ ਧਰਮ ਹੀ ਜੈਨ ਧਰਮ ਹੈ।

---

1. ੳ) ਆਚਾਰਾਂਗ 1/3/1/10 |

   ਅ) ਭਗਵਤੀ 9/6/383

2. ੳ) ਦੀਰਘ ਨਿਕਾਏ ਸਾਮਜਫੁਲ ਸੂਤਰ 18/21

   (ਅ) ਵਿਨੈਪਿੱਟਕ ਮਹਾਵਗ ਪਨਾ 242 |

3. ਤੇਤਰੀਆਰਣਯਕ 10/63 ਸਾਯਣ ਭਾਸ਼ਯ ਭਾਗ-2

4. The age of Imperial kanoj page no 288

5. ਵਿਸ਼ੇਸ਼ ਆਵਸ਼ਕ ਭਾਸ਼ਯ ਗਾਥਾ 1043, 1045, 1046 .

6. ਮੱਤਸਯ ਪੁਰਾਨ 4/13/54

7. ਦੇਵੀ ਭਾਗਵਤ 4/13/54 |

# ਅਰਿਹੰਤ ਤੇ ਤੀਰਥੰਕਰ

*

ਜੈਨ ਧਰਮ ਕਰਮ ਪ੍ਰਧਾਨ ਧਰਮ ਹੈ । ਮਨੁੱਖ ਦੇ ਚੰਗੇ ਮੰਦੇ ਕਰਮ (ਕੰਮ) ਹੀ ਨਰਕ ਅਤੇ ਸਵਰਗ ਦਾ ਕਾਰਣ ਹਨ । ਮਨੁੱਖ ਆਪਣੇ ਭਾਗ ਨੂੰ ਆਪ ਬਨਾਉਣ ਵਾਲਾ ਹੈ । ਕੋਈ ਤੀਸਰੀ ਤਾਕਤ ਸੰਸਾਰ ਦੇ ਕਿਸੇ ਮਾਮਲੇ ਵਿਚ ਦਖਲ ਨਹੀਂ ਦਿੰਦੀ । ਆਤਮਾ ਅੱਲਗ ਹੈ ਅਤੇ ਸ਼ਰੀਰ ਅੱਲਗ ਹੈ । ਜਦ ਆਤਮਾ ਕਰਮਾਂ ਦਾ ਚੱਕਰ ਪੂਰਾ ਕਰਕੇ ਜਨਮ ਮਰਨ ਤੋਂ ਮੁਕਤ ਹੋ ਜਾਂਦੀ ਹੈ । ਉਸਨੂੰ ਹੀ ਜੈਨ ਧਰਮ ਵਿੱਚ ਪ੍ਰਮਾਤਮਾ ਆਖਿਆ ਗਿਆ ਹੈ । ਆਤਮਾ ਦੀ ਸਰਵ ਉੱਚ ਅਵਸਥਾ ਹੀ ਪ੍ਰਮਾਤਮਾ ਹੈ । ਰਾਗ ਅਤੇ ਦਵੇਸ਼, ਕਰਮ ਸੰਗ੍ਰਹਿ ਦਾ ਮੁੱਖ ਕਾਰਣ ਹਨ । ਜਿਸ ਦੇ ਸਿਟੇ ਵਜੋਂ ਆਤਮਾ, ਅਨੰਤ ਸਮੇਂ ਤੋਂ ਕਾਮ, ਕਰੋਧ, ਮੋਹ ਤੇ ਲੋਭ ਦੇ ਵੱਸ਼ ਪੈ ਕੇ ਸੰਸਾਰ ਵਿੱਚ, ਭਿੰਨ ਭਿੰਨ ਜਨਮ ਲੈ ਕੇ ਭਟਕ ਰਹੀ ਹੈ । ਜਦੋਂ ਇਹ ਆਤਮਾ ਰਾਗ ਦਵੇਸ਼ ਤੋਂ ਮੁਕਤ ਹੋ ਜਾਂਦੀ ਹੈ ਤਾਂ ਇਸੇ ਆਤਮਾ ਨੂੰ ਕੇਵਲ ਗਿਆਨ (ਸਵਰਗ ਅਵਸਥਾ) ਪ੍ਰਾਪਤ ਹੋ ਜਾਂਦੀ ਹੈ । ਅਨੰਤ ਕਾਲ ਤੋਂ ਆਤਮਾ ਰੂਪੀ ਸ਼ੁਧ ਸੋਨੇ ਉਪਰ ਪਈ ਕਰਮ ਰੂਪੀ ਧੂੜ ਝੜ ਜਾਂਦੀ ਹੈ । ਚਾਰੋਂ ਪਾਸੇ ਪ੍ਰਕਾਸ਼ਮਾਨ ਕੇਵਲ ਗਿਆਨ ਪ੍ਰਗਟ ਹੋ ਜਾਂਦਾ ਹੈ । ਇਸੇ ਕੇਵਲ ਗਿਆਨ ਅਵਸਥਾ ਨੂੰ ਅਰਿਹੰਤ ਅਵਸਥਾ ਆਖਦੇ ਹਨ ।

ਜੈਨ ਸ਼ਾਸ਼ਤਰਾਂ ਅਨੁਸਾਰ ਇਸ ਅਵਸਥਾ ਵਿਚ ਮਨੁੱਖ, ਪਸ਼ੂ, ਪੰਛੀ, ਦੇਵਤੇ ਆਦਿ ਸਭ ਜੂਨਾਂ ਦੇ ਜੀਵ ਅਰਿਹੰਤਾਂ ਦੀ ਭਗਤੀ ਕਰਦੇ ਹਨ । ਅਰਿ ਦਾ ਅਰਥ ਹੈ ਦੁਸ਼ਮਣ ਹੰਤ ਦਾ ਅਰਥ ਹੈ ਕਰਮ ਖਤਮ ਕਰਨ ਵਾਲਾ, ਭਾਵ ਇਹ ਕਿ ਆਤਮਾ ਦੇ ਦੁਸ਼ਮਣ ਤੇ ਜਿੱਤ ਹਾਸਲ ਕਰਨ ਵਾਲਾ । ਇਸੇ ਅਰਿਹੰਤ ਅਵਸਥਾ ਨੂੰ ' ਜਿਨ ' ਭਾਵ ਜੇਤੂ ਆਖਦੇ ਹਨ । ਜੈਨ ਸ਼ਬਦ ਦੀ ਉਤਪੱਤੀ ਇਸੇ ਜਿਨ ' ਸ਼ਬਦ ' ਤੋਂ ਹੋਈ ਹੈ, ਤੀਰਥੰਕਰ ਬਾਰੇ ਜੈਨ ਸ਼ਾਸ਼ਤਰਾਂ ਵਿਚ ਉਨ੍ਹਾਂ ਦੇ ਕੁਝ ਖਾਸ ਲੱਛਣ ਵਰਨਣ ਕੀਤੇ ਗਏ ਹਨ । ਜੋ ਕਿ ਉਨ੍ਹਾਂ ਨੂੰ ਕੇਵਲ ਗਿਆਨ ਪ੍ਰਾਪਤ ਹੋਣ ਤੋਂ ਬਾਅਦ ਪੈਦਾ ਹੁੰਦੇ ਹਨ । ਆਤਮਾ ਗੁਣਾ ਪਖੋਂ ਇਕ ਹੈ ਪਰ ਸੰਖਿਆ ਪਖੋਂ ਅਨੰਤ ਹਨ । ਹਰ ਆਤਮਾ ਦੀ ਆਪਣੀ ਸੱਤਾ ਹੈ ।

## ਤੀਰਥੰਕਰ –

ਮੁੱਖ ਰੂਪ ਵਿੱਚ ਸਾਰੇ ਤੀਰਥੰਕਰ ਹੀ ਅਰਹਿੰਤ ਹੁੰਦੇ ਹਨ । ਪਰ ਸਾਰੇ ਅਰਿਹੰਤ ਤੀਰਥੰਕਰ ਨਹੀਂ ਹੁੰਦੇ । ਜੈਨ ਪ੍ਰੰਪਰਾ ਵਿਚ ਤੀਰਥੰਕਰ ਦਾ ਆਪਣਾ ਪ੍ਰਮੁਖ ਸਥਾਨ ਹੈ ਤੀਰਥੰਕਰ ਤੋਂ ਭਾਵ ਹੈ ਕਿ ਸਾਧੂ, ਸਾਧਵੀ, ਸ਼੍ਰਾਵਿਕ ਅਤੇ ਸ਼੍ਰਾਵਿਕਾ ਰੂਪੀ ਤੀਰਥ ਦੀ ਸਥਾਪਨਾ ਕਰਨ ਵਾਲਾ ।

ਜੈਨ ਪ੍ਰੰਪਰਾ ਕਿਉਂਕਿ ਸ੍ਰਿਸ਼ਟੀ ਦਾ ਆਰੰਭ ਜਾਂ ਅੰਤ ਨਹੀਂ ਮੰਨਦੀ । ਸੰਸਾਰ ਦੇ ਸਾਰੇ ਦਰਵ ਅਨਾਦਿ ਹਨ । ਇਨ੍ਹਾਂ ਦਰਵਾਂ ਦਾ ਕੋਈ ਸ਼ੁਰੂ ਨਹੀਂ ਨਾ ਹੀ ਅੰਤ ਹੈ । ਸਮਾਂ ਪੈਣ ਤੇ ਉਤਪਤੀ, ਵਿਕਾਸ ਤੇ ਪਰਿਵਰਤਨ ਆਪਣੇ ਆਪ ਹੁੰਦਾ ਰਹਿੰਦਾ ਹੈ । ਸੋ ਸ੍ਰਿਸ਼ਟੀ ਦਾ ਵਿਨਾਸ਼ ਕਦੇ ਨਹੀਂ ਹੁੰਦਾ, ਸਮੇਂ-ਸਮੇਂ ਵਰਨ, ਗੰਧ, ਰਸ, ਸਪਰਸ਼, ਆਕਾਰ, ਸੰਸਥਾਨ, ਉਮਰ, ਸ਼ਰੀਰ ਤੇ ਸੁੱਖ ਵਿੱਚ ਫਰਕ ਆਉਂਦਾ ਰਹਿੰਦਾ ਹੈ । ਇਸ ਕਾਲ (ਸਮੇਂ) ਚੱਕਰ ਨੂੰ ਜੈਨ ਧਰਮ ਵਿੱਚ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ, ਜਦੋਂ ਉਪਰੋਕਤ ਚੀਜਾਂ ਦੀ ਹਾਨੀ ਹੁੰਦੀ ਹੈ ਉਸ ਸਮੇਂ ਨੂੰ ਅਵਸਰਪਨੀ ਕਾਲ ਆਖਦੇ ਹਨ । 1 ਜਦੋਂ ਉਪਰੋਕਤ ਚੀਜਾਂ ਵਿਚ ਵਾਧਾ ਹੁੰਦਾ ਹੈ ਤਾਂ ਉਸਨੂੰ ਉਤਸਰਪਨੀ ਕਾਲ ਆਖਦੇ ਹਨ । ਦੋ ਕਾਲ ਦੇ ਅਗੇ 6-6 ਉਪ ਭਾਗ ਹਨ ਜੋ ਇਸ ਪ੍ਰਕਾਰ ਹਨ-

## ਕਾਲ

| | ਉਤਸਰਪਨੀ | ਸਮਾਂ |
|---|---|---|
| 1. | ਦੁਖਮਾ-ਦੁਖਮਾਂ | 21 ਹਜਾਰ ਸਾਲ |
| 2. | ਦੁਖਮਾ | 21 ਹਜਾਰ ਸਾਲ |
| 3. | ਦੁਖਮਾ-ਸੁਖਮਾ | 42 ਹਜਾਰ ਸਾਲ ਘੱਟ ਇਕਇੱਕ ਕਰੋੜ ਸਾਗਰੋਪਮ |
| 4. | ਸੁਖਮਾ-ਦੁਖਮਾ | 5 ਕਰੋੜ x5 ਕਰੋੜ ਸਾਗਰੋਪਮ |
| 5. | ਸੁਖਮਾ | 3 ਕਰੋੜ x3 ਕਰੋੜ ਸਾਗਰੋਪਮ |
| 6. | ਇੱਕਲਾ ਸੁਖਮ | 4 ਕਰੋੜ x4 ਕਰੋੜ ਸਾਗਰੋਪਮ |

| | ਅਵਸਰਪਨੀ | ਸਮਾਂ |
|---|---|---|
| 1. | ਇਕਲਾ ਸੁਖਮਾ (ਇਕਲ ਸੁੱਖ ਵਾਲਾ ਸਮਾਂ) | 4 ਕਰੋੜ x4 ਕਰੋੜ ਸਾਗਰੋਪਮ |
| 2. | ਸੁਖਮਾਂ (ਥੋੜਾ ਸੁੱਖ ਵਾਲਾ ਸਮਾਂ) | 3 ਕਰੋੜ x3ਕਰੋੜ ਸਾਗਰੋਪਮ |
| 3. | ਸੁਖਮਾ-ਦੁਖਮਾ(ਸੁੱਖ ਦੁੱਖ ਵਾਲਾ ਸਮਾਂ) | 2 ਕਰੋੜ x2ਕਰੋੜ ਸਾਗਰੋਪਮ |
| 4. | ਦੁਖਮਾਂ-ਸੁਖਮਾਂ (ਦੁੱਖ ਸੁੱਖ ਵਾਲਾ ਸਮਾਂ) | 42 ਸਾਲ ਘੱਟ ਇਕ ਕਰੋੜ ਇੱਕ ਕਰੋੜ ਸਾਗਰੋਪਮ |
| 5. | ਦੁਖਮਾਂ (ਦੁੱਖ ਵਾਲਾ ਸਮਾਂ) | 21 ਹਜਾਰ ਸਾਲ |
| 6. | ਦੁਖਮਾਂ-ਦੁਖਮਾਂ (ਦੁੱਖ ਹੀ ਦੁੱਖ ਵਾਲਾ ਸਮਾਂ) | 21 ਹਜਾਰ ਸਾਲ |

ਇਸ ਤਰ੍ਹਾਂ ਸੁੱਖ-ਦੁੱਖ ਦਾ ਅਨੰਤਾਂ ਸਾਲਾਂ ਦਾ ਚੱਕਰ ਚਲਦਾ ਰਹਿੰਦਾ ਹੈ । ਅੱਜ ਕਲ ਅਸੀਂ ਅਵਸਰਪਨੀ ਕਾਲ ਦੇ ਪੰਜਵੇਂ ਭਾਗ ਦੁਖਮਾਂ ਵਿਚੋਂ ਲੰਘ ਰਹੇ ਹਾਂ । ਸਾਡੀ ਜਿੰਦਗੀ ਸ਼ੁਰੂ ਇੱਕਲੀ ਸੁਖਮਾਂ ਭਾਗ ਤੋਂ ਸ਼ੁਰੂ ਹੁੰਦੀ ਹੈ । ਇਸੇ ਕਾਲ ਦੇ ਤੀਸਰੇ ਚੌਥੇ ਭਾਗ

ਵਿਚ ਤੀਰਥੰਕਰ ਪੈਦਾ ਹੁੰਦੇ ਹਨ । ਤੀਰਥੰਕਰਾਂ ਦੀ ਗਿਣਤੀ 24 ਹੁੰਦੀ ਹੈ । ਇਸ ਕਾਲ ਵਿੱਚ ਰਿਸ਼ਵਦੇਵ ਪਹਿਲੇ ਤੀਰਥੰਕਰ ਹੋਏ ਹਨ । ਉਨਾਂ ਨੇ ਪੁਰਸ਼ਾਂ ਨੂੰ ਖੇਤੀ ਕਰਨਾ, ਲਿਖਣਾ ਅਤੇ ਹਥਿਆਰ ਚਲਾਉਣ ਸਮੇਤ 72 ਕਲਾਵਾਂ ਸਿਖਾਈਆਂ । ਇਸੇ ਪ੍ਰਕਾਰ ਉਨ੍ਹਾਂ ਨੇ ਇਸਤਰੀਆਂ ਨੂੰ ਵੀ 64 ਕਲਾਵਾਂ ਸਿਖਾਈਆਂ । ਭਗਵਾਨ ਰਿਸ਼ਵਦੇਵ ਤੋਂ ਲੈ ਕੇ ਭਗਵਾਨ ਮਹਾਵੀਰ ਤੱਕ ਸਾਰੇ ਤੀਰਥੰਕਰ ਖੱਤਰੀ ਕੁੱਲ ਵਿੱਚ ਹੀ ਪੈਦਾ ਹੋਏ ਹਨ । ਜੈਨ ਪਰੰਪਰਾ ਅਨੁਸਾਰ ਸਾਰੇ ਤੀਰਥੰਕਰ ਖੱਤਰੀ ਕੁਲ ਵਿੱਚ ਹੀ ਪੈਦਾ ਹੁੰਦੇ ਹਨ ।

ਤੀਰਥੰਕਰ ਬਚਪਨ ਤੋਂ 1008 ਸ਼ਰੀਰਕ ਸ਼ੁਭ ਲੱਛਣਾਂ ਦੇ ਮਾਲਕ ਹੁੰਦੇ ਹਨ । ਬਚੁਪਨ ਤੋਂ ਹੀ ਤਿੰਨ ਗਿਆਨਾਂ ਦੇ ਮਾਲਿਕ ਹੁੰਦੇ ਹਨ । ਤੀਰਥੰਕਰ ਦੀ ਮਾਤਾ ਤੀਰਥੰਕਰ ਦੇ ਜਨਮ ਤੋਂ ਪਹਿਲਾਂ 14 ਸ਼ੁਭ ਸੁਪਨੇ ਵੇਖਦੀ ਹੈ ਤੀਰਥੰਕਰਾਂ ਦੇ ਗਰਭ ਵਿਚ ਆਉਣ ਜਨਮ, ਦੀਖਿਆ, ਕੇਵਲ ਗਿਆਨ ਅਤੇ ਮੋਕਸ਼ ਸਮੇਂ ਸਵਰਗ ਦੇਇੰਦਰ ਦੇਵ ਪਰਿਵਾਰ ਸਮੇਤ ਧਰਤੀ ਤੇ ਆ ਕੇ ਜਸ਼ਨ ਮਨਾਉਂਦੇ ਹਨ ਤੀਰਥੰਕਰ ਸਾਧੂ, ਸਾਧਵੀ ਸ਼੍ਰਾਵਕ ਤੇ ਸ਼੍ਰਾਵਿਕਾ ਰੂਪੀ ਧਰਮ ਤੀਰਥ ਦੇ ਸੰਸਥਾਪਕ ਹੋਣ ਕਾਰਣ ਤੀਰਥੰਕਰ ਅਖਵਾਉਂਦੇ ਹਨ । ਇਸ ਪ੍ਰਕਾਰ ਤੀਰਥੰਕਰ ਨੂੰ ਕੇਵਲ ਗਿਆਨ ਪ੍ਰਾਪਤ ਹੋਣਾ ਨਿਸਚਿਤ ਹੈ । ਜਦ ਤੀਰਥੰਕਰ ਤੋਂ ਛੁਟ ਆਮ ਆਦਮੀ ਕੇਵਲ ਗਿਆਨੀ ਬਣਦਾ ਹੈ ਤਾਂ ਉਸਨੂੰ ਸਾਧਾਰਣ ਕੇਵਲੀ (ਅਰਿਹੰਤ) ਆਖਦੇ ਹਨ । ਤੀਰਥੰਕਰ ਅਤੇ ਅਰਿਹੰਤਾਂ ਦਾ ਮੁੱਖ ਇਹੋ ਫਰਕ ਹੈ । ਵਰਤਮਾਨ ਯੁੱਗ ਵਿਚ ਜੋ 24 ਤੀਰਥੰਕਰ ਹੋਏ ਹਨ ਉਨ੍ਹਾਂ ਦੀ ਸੰਖੇਪ ਜੀਵਨ ਰੇਖਾ ਇਸ ਪ੍ਰਕਾਰ ਹੈ।

ਭਾਵੇਂ ਭਗਵਾਨ ਰਿਸ਼ਵਦੇਵ ਤੋਂ ਲੈ ਕੇ ਭਗਵਾਨ ਮਹਾਵੀਰ ਤੱਕ ਤੀਰਥੰਕਰ ਪਰੰਪਰਾ ਲੰਬਾ ਫਾਸਲਾ ਹੈ, ਪਰ 24 ਤੀਰਥੰਕਰਾਂ ਨੇ ਇਕੋ ਹੀ ਧਰਮ ਦਰਸ਼ਨ ਦਾ ਉਪਦੇਸ਼ ਦਿੱਤਾ ਹੈ ।

ਇਹੋ ਅਰਿਹੰਤ ਜਾਂ ਤੀਰਥੰਕਰ ਆਪਣਾ ਸੰਸਾਰਿਕ ਜੀਵਨ ਨੂੰ ਪੂਰਾ ਕਰਕੇ, ਜਨਮ, ਦੁੱਖ, ਬੁਢਾਪੇ ਨਾਲ ਭਰੇ ਸੰਸਾਰ ਤੋਂ ਮੁਕਤ ਹੋ ਕੇ ਸਿੱਧ ਅਖਵਾਉਂਦੇ ਹਨ । ਇਸੇ ਨੂੰ ਜੈਨ ਪ੍ਰੰਪਰਾ ਵਿੱਚ ਆਤਮਾ ਦੀ ਪ੍ਰਮਾਤਮ ਅਵਸਥਾ ਅਤੇ ਜਿੰਦਗੀ ਦਾ ਟੀਚਾ ਮੰਨਿਆ ਗਿਆ ਹੈ । ਜੈਨ ਧਰਮ ਵਿਚ ਇਹੋ ਨਿਰਵਾਨ ਜਾਂ ਮੁਕਤੀ ਹੈ । ਇਸਤੋਂ ਬਾਅਦ ਇਹ ਮੁਕਤ ਆਤਮਾ ਸੰਸਾਰਿਕ ਆਤਮਾਵਾਂ ਲਈ ਆਦਰਸ਼ ਬਣ ਜਾਂਦੀ ਹੈ ਅਤੇ ਹਰ ਜੈਨ ਧਰਮੀ ਇਸੇ ਵੀਤਰਾਗ, ਅਰਹੰਤ ਜਿਨ, ਸਰਵਗ, ਕੇਵਲੀ (ਬ੍ਰਹਮ ਗਿਆਨ) ਅਵਸਥਾ ਦੀ ਭਗਤੀ ਪੂਜਾ ਕਰਦਾ ਹੈ ਤਾਂ ਕਿ ਉਹ ਵੀ ਇਸੇ ਰਾਹ ਤੇ ਚਲ ਕੇ ਆਤਮਾ, ਪ੍ਰਮਾਤਮਾ ਦੇ ਵਿਚਕਾਰ ਕਰਮਾਂ ਤੇ ਪਏ ਪਰਦੇ ਨੂੰ ਚੁੱਕ ਕੇ ਆਪ ਵੀ ਭਗਵਾਨ ਬਣ ਸਕੇ ।

## ਕੁਝ ਪ੍ਰਮੁਖ ਤੀਰਥੰਕਰ—

ਜੈਨ ਸ਼ਾਸ਼ਤਰਾਂ ਵਿਚ 24 ਤੀਰਥੰਕਰਾਂ ਵਿਚੋਂ ਕੁਝ ਦਾ ਵਰਨਣ ਬੜੇ ਵਿਸਥਾਰ ਨਾਲ ਮਿਲਦਾ ਹੈ । ਜਿਨ੍ਹਾਂ ਵਿਚੋਂ 4 ਤੀਰਥੰਕਰਾਂ ਦਾ ਵਰਨਣ ਪ੍ਰਮੁੱਖ ਹੈ ।

## 1. ਭਗਵਾਨ ਰਿਸ਼ਵਦੇਵ

ਆਪ ਪਹਿਲੇ ਜੈਨ ਤੀਰਥੰਕਰ ਸਨ ।[1] ਆਪ ਦੇ ਪਿਤਾ ਦਾ ਨਾਂ ਨਾਭੀ ਅਤੇ ਮਾਤਾ ਦਾ ਨਾਂ ਮਰੂ ਦੇਵੀ ਸੀ । ਆਪ ਮਨੁੱਖੀ ਸਭਿਅਤਾ ਦੇ ਸੰਸਥਾਪਕ ਸਨ । ਆਪ ਦੇ 100 ਪੁੱਤਰ ਤੇ 2 ਪੁੱਤਰੀਆਂ ਬ੍ਰਾਹਮੀ ਤੇ ਸੁੰਦਰੀ ਸਨ । ਆਪਦੇ ਵਡੇ ਪੁੱਤਰ ਦਾ ਨਾਂ ਭਰਤ ਸੀ ਜਿਸ ਕਾਰਣ ਇਸ ਦੇਸ਼ ਦਾ ਨਾਂ ਭਾਰਤਵਰਸ਼ ਪਿਆ । ਆਪ ਆਪਣੇ ਯੁੱਗ ਦੇ ਪਹਿਲੇ ਰਾਜਾ ਅਤੇ ਵਿਗਿਆਨਕ ਸਨ । ਆਪ ਨੇ ਲੋਕਾਂ ਨੂੰ ਕੁਦਰਤ ਉਪਰ ਨਾ ਰਹਿ ਕੇ ਹਥੀਂ ਕੰਮ ਕਰਨ ਦਾ ਉਪਦੇਸ਼ ਦਿਤਾ । ਆਪ ਦਾ ਵਰਨਣ ਜੈਨ ਗ੍ਰੰਥਾਂ ਤੋਂ ਛੁੱਟ ਵੈਦਿਕ ਗਰੰਥ ਰਿਗਵੇਦ ਅਤੇ 18 ਪੁਰਾਣਾਂ ਵਿਚ ਮਿਲਦਾ ਹੈ ।

## 2. ਭਗਵਾਨ ਨੇਮੀ ਨਾਥ–

ਆਪ 22ਵੇਂ ਤੀਰਥੰਕਰ ਸਨ । ਆਪ ਜੀ ਦੀ ਮਾਤਾ ਦਾ ਨਾਂ ਸ਼ਿਵਾ ਦੇਵੀ ਅਤੇ ਪਿਤਾ ਦਾ ਨਾਂ ਸਮੁੰਦਰ ਵਿਜੇ ਸੀ । ਆਪ ਸੰਸਾਰਿਕ ਪੱਖੋਂ ਸ੍ਰੀ ਕ੍ਰਿਸ਼ਨ ਦੇ ਚਚੇਰੇ ਭਰਾ ਸਨ। ਆਪ ਦੇ ਸਮੇਂ ਪਸ਼ੂਆਂ ਉਪਰ ਅਤਿਆਚਾਰ ਹੋਣ ਲੱਗ ਪਿਆ ਸੀ । ਆਪ ਜਦੋਂ ਆਪਣੀ ਸ਼ਾਦੀ ਲਈ ਰਾਜਕੁਮਾਰੀ ਰਾਜੁਲ ਨੂੰ ਵਿਆਹੁਣ ਗਏ, ਤਾਂ ਆਪਨੇ ਵੇਖਿਆ ਕਿ ਅਨੇਕਾਂ ਪਸ਼ੂ ਬਰਾਤੀਆਂ ਲਈ ਵਾੜੇ ਵਿੱਚ ਬੰਦ ਸਨ । ਆਪਨੇ ਉਸ ਸਮੇਂ ਬਰਾਤ ਵਾਪਸ ਕਰ ਦਿੱਤੀ ਅਤੇ ਕੈਦੀ ਪਸ਼ੂਆਂ ਨੂੰ ਛੁੜਵਾਇਆ । ਉਸ ਸਮੇਂ ਆਪਣੇ ਜੈਨ ਸਾਧੂ ਦੀਖਿਆ ਗ੍ਰਹਿਣ ਕਰ ਲਈ । ਆਪ ਦਾ ਨਿਰਵਾਣ ਗੁਜਰਾਤ ਵਿਚ ਗਿਰਨਾਰ ਵਿਖੇ ਹੋਇਆ ।

## 3. ਭਗਵਾਨ ਪਾਰਸ਼ ਨਾਥ–

ਆਪ ਦਾ ਜਨਮ ਭਗਵਾਨ ਮਹਾਂਵੀਰ ਤੋਂ 250 ਸਾਲ ਪਹਿਲਾਂ ਬਨਾਰਸ ਵਿਖੇ ਹੋਇਆ । ਭਾਰਤੀ ਅਤੇ ਵਿਦੇਸ਼ੀ ਇਤਿਹਾਸਕਾਰ, ਜੈਨ ਧਰਮ ਦੀ ਪ੍ਰਾਚੀਨਤਾ ਭਗਵਾਨ ਪਾਰਸ਼ ਨਾਥ ਤੋਂ ਹੀ ਮੰਨਦੇ ਹਨ । ਆਪ ਦੇ ਪਿਤਾ ਦਾ ਨਾਂ ਰਾਜਾ ਅਸ਼ਵਸੈਨ ਅਤੇ ਮਾਤਾ ਦਾ ਨਾਂ ਵਾਮਾ ਦੇਵੀ ਸੀ । 100 ਸਾਲ ਦੀ ਉਮਰ ਵਿਚ ਆਪਦਾ ਨਿਰਵਾਨ ਸ਼ਮੇਤ ਸ਼ਿਖਰ (ਬਿਹਾਰ) ਵਿਖੇ ਹੋਇਆ । ਇਸ ਸਥਾਨ ਨੂੰ ਅੱਜਕੱਲ ਪਾਰਸ਼ਨਾਥ ਹਿੱਲ ਆਖਦੇ ਹਨ ।

---

1. ਕੁਲ ਤੀਰਥੰਕਰ ਜਿਆਦਾ ਤੋਂ ਜਿਆਦਾ 170 ਹੋ ਸਕਦੇ ਹਨ । ਉਤਸਰਪਨੀ ਅਤੇ ਅਵਸਰਪਣੀ ਕਾਲ ਜੰਬੂਦੀਪ ਦੇ ਭਰਤ ਖੰਡ ਵਿਚ ਹੀ ਚਲਦਾ ਹੈ । ਮਹਾਵਿਦੇਹ ਖੇਤਰ ਵਿਚ ਹਮੇਸ਼ਾਂ 20 ਹੀ ਤੀਰਥੰਕਰ ਵਿਚਰਦੇ ਹਨ । ਉਥੇ ਹਮੇਸ਼ਾਂ ਚੌਥਾ ਕਾਲ ਹੀ ਚਲਦਾ ਹੈ । 24 ਤੀਰਥੰਕਰਾਂ ਦੀ ਪਰੰਪਰਾ ਭਰਤ ਖੰਡ ਵਿੱਚ ਹੀ ਹੈ ।

# ਭਗਵਾਨ ਮਹਾਵੀਰ ਦੇ ਪਿਛਲੇ ਜਨਮ

*

ਤੀਰਥੰਕਰ ਬਨਣ ਲਈ ਪਿਛਲੇ ਜਨਮਾਂ ਵਿਚ ਸ਼ੁਭ ਕਰਮ ਜਿਥੇ ਬਹੁਤ ਜਰੂਰੀ ਹਨ, ਉਥੇ ਤੀਰਥੰਕਰ ਗੋਤ (ਪਦਵੀ) ਲਈ 20 ਪ੍ਰਕਾਰ ਦੀ ਸਾਧਨਾਂ, ਉਪਾਸਨਾਂ ਅਤੇ ਸੇਵਾ ਭਗਤੀ ਬਹੁਤ ਜਰੂਰੀ ਹੈ । ਇਹ 20 ਗੁਣ ਇਸ ਪ੍ਰਕਾਰ ਹਨ ।

(1) ਅਰਿਹੰਤ ਦੀ ਸੇਵਾ ਭਗਤੀ (2) ਸਿੱਧ ਦੀ ਸੇਵਾ ਭਗਤੀ (3) ਪ੍ਰਵਚਨ ਪੱਦ-12 ਅੰਗ ਸ਼ਾਸ਼ਤਰਾਂ ਵਿੱਚ ਵਿਸ਼ਵਾਸ਼ ਰਖਨਾ, (4) ਅਚਾਰਿਆ ਦੀ ਸੇਵਾ-ਭਗਤੀ, (5) ਸਥਵਿਰ ਪੱਦ-60 ਸਾਲ ਦੇ ਵਿਰਧ ਸਾਧੂ ਦੀ ਸੇਵਾ ਕਰਨਾ, (6) ਉਪਾਧਿਆ ਦੀ ਸੇਵਾ ਕਰਨਾ । (7) ਤਪਸਵੀ ਸਾਧੂਆਂ ਦੀ ਸੇਵਾ ਭਗਤੀ ਕਰਨਾ (8) ਗਿਆਨ ਅਤੇ ਗਿਆਨੀਆਂ ਦੀ ਪੂਜਾ ਕਰਨਾ (9) ਦਰਸ਼ਨ ਪੱਦ-ਗਲਤ ਵਿਸ਼ਵਾਸ਼ਾਂ ਨੂੰ ਤਿਆਗ, ਜੈਨ ਸਿਧਾਂਤਾਂ ਤੇ ਵਿਸ਼ਵਾਸ਼ ਕਰਨਾ (10) ਵਿਨੈ, ਨਿਮਰਤਾ ਆਦਿ ਨਿਯਮਾਂ ਦਾ ਪਾਲਣ ਕਰਨਾ (11) ਆਵਸ਼ਯਕ ਪੱਦ-ਦਿਨ ਵਿੱਚ ਕੀਤੀਆਂ ਗਲਤੀਆਂ ਦਾ ਸਵੇਰੇ ਸ਼ਾਮ ਪ੍ਰਾਸ਼ਚਿਤ ਕਰਨਾ (12) ਸ਼ੀਲ ਪੱਦ-ਬ੍ਰਹਮ ਚਰਜ ਦਾ ਪਾਲਣਾ ਕਰਨਾ ਅਤੇ 6 ਜਰੂਰੀ ਧਾਰਮਿਕ ਕੰਮਾਂ ਸਮਾਇਕ, ਚਤੁਰਵਿਸਤਿ, ਗੁਰੂਬੰਦਨਾ, ਪ੍ਰਤਿਕ੍ਰਮਨ, ਕਾਯੋਤਸਰਗ ਅਤੇ ਪ੍ਰਤਿਖਿਆਨ (ਤਿਆਗ) ਕਰਨਾ, (13) ਵੈਰਾਗਪੱਦ-ਦੁਨਿਆਵੀ ਬੰਧਨਾਂ ਤੋਂ ਆਪਣੇ ਆਪ ਨੂੰ ਮੁਕਤ ਕਰਨਾ (14) ਤੱਪ ਰਾਹੀਂ ਮਨ ਅਤੇ ਸਰੀਰ ਦੇ ਵਿਕਾਰਾਂ ਤੇ ਕਾਬੂ ਪਾਉਣਾ (15) ਸੁਪਾਤਰ ਦਾਨ-ਦਾਨ ਦੇ ਯੋਗ ਸਾਧੂ ਨੂੰ 10 ਪ੍ਰਕਾਰ ਦਾ ਪੁਨ ਦਾਨ ਦੇਣਾ (16) ਸਮਾਧੀ ਪੱਦ-ਸੰਘ ਦੇ ਸਾਧੂ ਸਾਧਵੀਆਂ ਉਪਾਸਕ ਤੇ ਉਪਾਸਿਕਾ ਦੀ ਸੇਵਾ ਕਰਨਾ (17) ਗੁਰੂ ਪਦ-ਗੁਰੂਆਂ, ਸਾਧੂਆਂ ਅਤੇ ਨਵੇਂ ਤਪਸਵੀ ਨੂੰ ਆਤਮ ਸਮਾਧੀ ਵਿੱਚ ਸਹਿਯੋਗ ਕਰਨਾ । (18) ਹਮੇਸ਼ਾਂ ਨਵੇਂ ਤੋਂ ਨਵਾਂ ਗਿਆਨ ਹਾਸਲ ਕਰਨ ਦੀ ਕੋਸ਼ਿਸ਼ ਕਰਨਾ । (19) ਜਿਨਵਾਨੀ ਪੱਦ-ਤੀਰਥੰਕਰਾਂ ਰਾਹੀਂ ਦਿਤੇ ਉਪਦੇਸ਼ ਤੇ ਸ਼ਰਧਾ, ਵਿਸ਼ਵਾਸ਼ ਰਖਣਾ, ਅਮਲ ਕਰਨਾ ਅਤੇ ਅਣਗਹਿਲੀ ਦਾ ਤਿਆਗ ਕਰਨਾ (20) ਜੈਨ ਧਰਮ ਦੇ ਫੈਲਾਣ ਲਈ ਦਿਲ ਜਾਨ ਨਾਲ ਕੋਸ਼ਿਸ਼ ਕਰਨਾ । ਤੀਰਥੰਕਰ ਆਪਣੇ ਪਿਛਲੇ ਜਨਮ ਵਿਚ ਇਨ੍ਹਾਂ 20 ਬੋਲਾਂ ਦੀ ਆਰਾਧਨਾ ਰਾਹੀਂ ਤੀਰਥੰਕਰ ਪਦ ਪ੍ਰਾਪਤ ਕਰਦੇ ਹਨ ।

ਇਹ 20 ਬੋਲ ਜੈਨ ਸ਼ਾਸ਼ਤਰ ਵਿਚ ਬਹੁਤ ਮਹੱਤਵਪੂਰਨ ਹਨ । ਇਨ੍ਹਾਂ 20 ਗੁਣਾਂ ਦੇ ਉਪਾਸਨਾ ਸਦਕਾ ਹੀ ਭਗਵਾਨ ਮਹਾਵੀਰ ਦੀ ਆਤਮਾ ਦਾ ਜੀਵ ਅਨੰਤ ਜਨਮ ਭਟਕਦਾ ਹੋਇਆ 27ਵੇਂ ਜਨਮ ਵਿੱਚ ਭਗਵਾਨ ਮਹਾਵੀਰ ਦੇ ਰੂਪ ਵਿਚ ਪ੍ਰਗਟ ਹੋਇਆ।

ਭਗਵਾਨ ਮਹਾਂਵੀਰ ਦਾ ਇਹ ਜਨਮ ਬਹੁਤ ਮਹੱਤਵਪੂਰਨ ਹੈ । ਜਿਨਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :-

## ਭਗਵਾਨ ਮਹਾਵੀਰ ਦਾ ਪਹਿਲਾ ਜਨਮ–

ਇਹ ਭਗਵਾਨ ਮਹਾਵੀਰ ਦੇ ਉਸ ਜਨਮ ਦਾ ਵਰਨਣ ਹੈ ਜਿਸਦੇ ਸਿਟੇ ਵਜੋਂ ਭਗਵਾਨ ਮਹਾਵੀਰ ਦੀ ਆਤਮਾ ਨੇ ਤੀਰਥੰਕਰ ਪਦਵੀ ਹਾਸਲ ਕਰਨ ਦੀ ਯਾਤਰਾ ਆਰੰਭ ਕੀਤੀ । ਉਸ ਸਮੇਂ ਉਹ ਨਯਸਾਰ ਨਾਂ ਦੇ ਇਕ ਰਾਜੇ ਦਾ ਨੌਕਰ ਸੀ । ਇਕ ਵਾਰ ਰਾਜੇ ਨੇ ਉਸਨੂੰ ਹੁਕਮ ਦਿਤਾ, " ਜੰਗਲ ਵਿਚੋਂ ਲਕੜੀਆਂ ਲਿਆਉ ।" ਨਯਸਾਰ ਆਪਣੇ ਅਨੇਕਾਂ ਸਾਥੀਆਂ ਨਾਲ ਕਾਫੀ ਬੈਲ ਗਡੀਆਂ ਲੈ ਕੇ ਜੰਗਲ ਵਿਚ ਪੁੱਜਾ । ਉਹ ਦੁਪਿਹਰ ਤੱਕ ਲੱਕੜਾਂ ਚੀਰਦਾ ਰਿਹਾ । ਦੁਪਿਹਰ ਸਮੇਂ ਹੋਰ ਮਜ਼ਦੂਰਾਂ ਦੀ ਤਰ੍ਹਾਂ ਉਹ ਵੀ ਆਪਣਾ ਭੋਜਨ ਖਾਣ ਦਾ ਇਰਾਦਾ ਬਣਾਉਣ ਲੱਗਾ ।

ਜਦ ਖਾਣਾ ਖਾਣ ਬੈਠਾ ਤਾਂ ਉਸਦੇ ਮਨ ਵਿਚ ਇਕ ਸ਼ੁਭ ਵਿਚਾਰ ਆਇਆ "ਚੰਗਾ ਹੋਵੇ ਜੇ ਅਜਿਹੇ ਸਮੇਂ ਕੋਈ ਮੁਨੀ ਤੱਪਸਵੀ ਆ ਜਾਵੇ ਤਾਂ ਕਿ ਮੈਂ ਆਪਣੇ ਭੋਜਨ ਵਿਚੋਂ ਕੁਝ ਦਾਨ ਕਰ ਸਕਾਂ ।" ਅਜਿਹਾ ਸੋਚਦੇ ਹੀ ਉਸਦੇ ਸ਼ੁਭ ਭਾਗਾਂ ਨੂੰ ਇੱਕ ਜੰਗਲ ਵਿਚ ਘੁਮਦਾ ਸਾਧੂਆਂ ਦਾ ਟੋਲਾ, ਉਸ ਕੋਲ ਪੁੱਜਾ । ਇਹ ਸਾਧੂ ਜੰਗਲ ਹੋਣ ਕਾਰਣ ਆਪਣਾ ਰਸਤਾ ਭੁੱਲ ਚੁਕੇ ਸਨ । ਨਯਸਾਰ ਨੇ ਮੁਨੀਆਂ ਨੂੰ ਭੋਜਨ ਦਾਨ ਕੀਤਾ ਅਤੇ ਉਹਨਾਂ ਦੀ ਸੇਵਾ ਭਗਤੀ ਕਰਦਾ ਰਿਹਾ । ਮੁਨੀਆਂ ਨੇ ਉਸਨੂੰ ਧਰਮ ਉਪਦੇਸ਼ ਦਿਤਾ । ਥੋੜੇ ਜਿਹੇ ਉਪਦੇਸ਼ਾਂ ਨਾਲ ਹੀ ਨਯਸਾਰ ਨੇ ਸਮਿਅੱਕਤਵ (ਸਚਾ ਗਿਆਨ, ਸਚਾ ਦਰਸ਼ਨ, ਸਚਾ ਚਰਿੱਤਰ) ਨੂੰ ਧਾਰਨ ਕੀਤਾ । ਇਹੋ ਜਨਮ ਸੀ ਕਿ ਨਯਸਾਰ ਦੇ ਰੂਪ ਵਿਚ ਭਗਵਾਨ ਮਹਾਵੀਰ ਦੀ ਆਤਮਾ ਨੇ ਤੀਰਥੰਕਰ ਯੋਗ ਬਣਨ ਦੀ ਯਾਤਰਾ ਆਰੰਭ ਕੀਤੀ ।

## ਦੂਸਰਾ ਜਨਮ

ਨਯਸਾਰ ਦਾ ਜੀਵ ਮਾਰਕੇ ਸ਼ੁਭ ਕਰਮਾਂ ਸਦਕਾ ਸ਼ੋਧਰਮ ਕਲਪ (ਦੇਵ ਲੋਕ) ਵਿਚ ਪੈਦਾ ਹੋਇਆ । ਉਥੇ ਉਸਦੀ ਉਮਰ ਪਲਯੋਪਮ ਹੈ ।

## ਤੀਸਰਾ ਤੇ ਚੌਥਾ ਜਨਮ–

ਦੇਵਤੇ ਦਾ ਜੀਵਨ ਭੋਗ ਕੇ ਨਯਸਾਰ ਦਾ ਜੀਵ, ਤੀਸਰੇ ਜਨਮ ਵਿਚ ਭਗਵਾਨ ਰਿਸ਼ਵਦੇਵ ਦੇ ਪੁਤਰ ਚੱਕਰਵਰਤੀ ਭਰਤ ਦੇ ਪੁੱਤਰ ਰੂਪ ਪੈਦਾ ਹੋਇਆ । ਉਥੇ ਉਸਦਾ ਨਾਂ ਮਰਿਚਿ ਸੀ ।

ਇੱਕ ਵਾਰ ਭਗਵਾਨ ਰਿਸ਼ਵਦੇਵ ਪੁਰਮੀਤਾਲ ਸ਼ਹਿਰ ਦੇ ਬਾਗ ਵਿਚ ਠਹਿਰੇ ਹੋਏ ਸਨ । ਭਗਵਾਨ ਰਿਸ਼ਵਦੇਵ ਦੇ ਤੱਪ, ਤਿਆਗ ਅਤੇ ਵੈਰਾਗ ਭਰਪੂਰ ਉਪਦੇਸ਼ ਸੁਣਕੇ ਮਰਿਚਿ ਭਗਵਾਨ ਰਿਸ਼ਵਦੇਵ ਦਾ ਚੇਲਾ ਬਣ ਗਿਆ । ਪਰ ਉਹ ਥੋੜਾ ਸਮਾਂ ਹੀ ਸ਼੍ਰਮਣ (ਜੈਨ ਸਾਧੂ) ਧਰਮ ਦਾ ਪਾਲਣ ਕਰ ਸਕਿਆ । ਬੜੀ ਛੇਤੀ ਹੀ ਉਸਨੇ ਗੇਰੂ ਰੰਗ ਦਾ ਭੇਸ

ਧਾਰਨ ਕਰ ਲਿਆ । ਮਥੇ ਤੇ ਤਿੰਨ ਲਕੀਰਾਂ ਵਾਲਾ ਟਿੱਕਾ, ਸਿਰ ਤੇ ਬੋਦੀ, ਛਤਰ ਖੜਾਵਾਂ ਧਾਰਨ ਕਰਨ ਲੱਗ ਪਿਆ । ਇਸ ਤਰ੍ਹਾਂ ਉਸ ਮਰਿਚਿ ਦੇ ਜੀਵ ਨੇ ਗੇਰਵਾਂ ਰੰਗ ਦਾ ਨਵਾਂ ਭੇਸ ਚਲਾਇਆ ।

ਕਿਸੇ ਸਮੇਂ ਭਗਵਾਨ ਰਿਸ਼ਵਦੇਵ ਨੇ, ਭਰਤ ਚੱਕਰਵਰਤੀ ਨੂੰ ਦਸਿਆ "ਮਰਿਚਿ ਪਹਿਲਾ ਤਰਿਪਰਿਸ਼ਟ ਵਾਸੂਦੇਵ ਹੋਵੇਗਾ । ਮਹਾਵਿਦੇਹ ਖੇਤਰ ਵਿਚ ਪ੍ਰਿਆਮਿੱਤਰ ਨਾਉ ਦਾ ਚੱਕਰਵਰਤੀ ਹੋਵੇਗਾ ਅਤੇ ਅੰਤ ਵਿਚ 24ਵਾਂ ਤੀਰਥੰਕਰ ਵਰਧਮਾਨ ਹੋਵੇਗਾ ।" ਭਗਵਾਨ ਰਿਸ਼ਵਦੇਵ ਦੇ ਮੁਖੋਂ ਆਪਣੇ ਅਗਲੇ ਜਨਮਾਂ ਦਾ ਵਰਨਣ ਸੁਣਕੇ, ਮਰਿਚਿ ਦੇ ਮਨ ਵਿਚ ਅਭਿਮਾਨ ਪੈਦਾ ਹੋ ਗਿਆ । ਉਹ ਸੋਚਣ ਲੱਗਾ " ਮੇਰੇ ਕੁਲ ਵਿਚ ਪਹਿਲੇ ਤੀਰਥੰਕਰ ਰਿਸ਼ਵਦੇਵ ਹੋਏ ਹਨ । ਚੱਕਰਵਰਤੀਆਂ ਵਿਚ ਪਹਿਲਾ ਚੱਕਰਵਰਤੀ ਭਰਤ ਮੇਰਾ ਪਿਤਾ ਹੈ, ਮੈਂ ਵਾਸੁਦੇਵ ਅਤੇ ਤੀਰਥੰਕਰ ਬਣਾਂਗਾ, ਵੇਖੋ ਮੇਰਾ ਕੁਲ ਕਿਨਾਂ ਉਤਮ ਹੈ ?"

ਭਗਵਾਨ ਰਿਸ਼ਵਦੇਵ ਦੇ ਨਿਰਵਾਨ (ਮੁਕਤੀ) ਤੋਂ ਬਾਅਦ ਮਰਿਚਿ ਅਲਗ ਉਪਦੇਸ਼ ਕਰਨ ਲੱਗਾ । ਉਸ ਕੋਲ ਜੋ ਵੀ ਉਪਦੇਸ਼ ਸੁਨਣ ਆਉਂਦਾ ਉਹ ਹਰੇਕ ਨੂੰ ਆਖਦਾ " ਮੈਂ ਸੱਚਾ ਸਾਧੂ ਨਹੀਂ, ਸੱਚਾ ਧਰਮ ਤਾਂ ਤੀਰਥੰਕਰ ਭਗਵਾਨ ਰਿਸ਼ਵਦੇਵ ਦਾ ਹੈ ।"

ਇੱਕ ਵਾਰ ਮਰਿਚਿ ਬਿਮਾਰ ਹੋ ਗਿਆ । ਕਿਸੇ ਸਾਧੂ ਨੇ ਵੀ ਉਸ ਦੀ ਸੇਵਾ ਨਾ ਕੀਤੀ । ਉਸਨੇ ਕਪਿਲ ਨਾਂ ਦੇ ਰਾਜਕੁਮਾਰ ਨੂੰ ਆਪਣਾ ਚੇਲਾ ਬਣਾਇਆ । ਅਗੇ ਚੱਲਕੇ ਉਸੇ ਕਪਿਲ ਮੁਨੀ ਦਾ ਸਿਧਾਂਤ ਹੀ ਕਪਿਲ ਦਰਸ਼ਨ ਅਖਵਾਇਆ । 84 ਲੱਖ ਪੂਰਵ ਦੀ ਸਾਲ ਉਮਰ ਪੂਰੀ ਕਰਕੇ ਉਹ ਬ੍ਰਹਮ ਦੇਵ ਲੋਕ ਵਿਚ ਪੈਦਾ ਹੋਇਆ । ਜਿਥੇ ਉਸਨੇ 10 ਸਾਗਰੋਪਮ ਦੀ ਉਮਰ ਪੂਰੀ ਕੀਤੀ ।

## ਪੰਜਵਾਂ ਜਨਮ–

10 ਸਾਗਰੋਪਮ ਉਮਰ ਪੂਰੀ ਕਰਕੇ ਨਯਸਾਰ ਦਾ ਜੀਵ ਕੋਲਾਂਗ ਸਨੀਵੇਸ਼ ਵਿਚ ਪੈਦਾ ਹੋਇਆ । ਉਥੇ ਉਸਦੀ ਉਮਰ 80 ਲੱਖ ਪੂਰਵ ਸੀ । ਉਥੋਂ ਮਰਕੇ ਉਸ ਬ੍ਰਾਹਮਣ ਨੇ ਅਨੰਤਾ ਵਾਰ ਕਈ ਜੂਨਾਂ ਵਿਚ ਜਨਮ ਲਿਆ । ਜਿਹਨਾਂ ਦੀ ਕੋਈ ਗਿਣਤੀ ਨਹੀਂ ।

## ਛੇਵਾਂ ਤੇ ਸਤਵਾਂ ਜਨਮ–

ਇਸ ਵਾਰ ਨਯਸਾਰ ਦਾ ਜੀਵ ਸਥੂਣਾ ਨਗਰੀ ਵਿੱਚ ਪੁਸ਼ਮਿੱਤਰ ਨਾਉ ਦੇ ਬ੍ਰਾਹਮਣ ਰੂਪ ਵਿਚ ਪੈਦਾ ਹੋਇਆ । ਜਿਥੇ ਉਸਨੇ 70 ਲੱਖ ਪੂਰਵ ਦੀ ਉਮਰ ਭੋਗੀ । ਇਸ ਉਮਰ ਦੇ ਆਖਰੀ ਹਿਸੇ ਵਿਚ ਉਹ ਪਰਿਵਰਾਜਿਕ (ਸ਼੍ਰਮਨ ਸਾਧੂਆਂ ਦੀ ਇਕ ਕਿਸਮ) ਬਣ ਗਿਆ ਅਤੇ ਉਥੋਂ ਉਮਰ ਪੂਰੀ ਕਰਕੇ ਉਹ ਸੋਧਰਮ ਦੇਵ ਲੋਕ ਵਿਚ ਪੈਦਾ ਹੋਇਆ।

## ਅੱਠਵਾਂ ਤੇ ਨੌਵਾਂ ਜਨਮ–

ਨਯਸਾਰ ਦਾ ਜੀਵ ਸੋਧਰਮ ਦੇਵ ਲੋਕ ਵਿੱਚ ਆਪਣੀ ਉਮਰੀ ਪੂਰੀ ਕਰਕੇ ਚੇਤਯਸਨੀਵੇਸ਼ ਵਿਚ ਅਗਨੀ ਉਦਯੋਤ ਨਾਂ ਦੇ ਬ੍ਰਾਹਮਣ ਰੂਪ ਵਿੱਚ ਪੈਦਾ ਹੋਇਆ । ਉਮਰ